# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਈ.ਮੇਲ: deoseexamasr@gmail.com ਫੋਨ ਅਤੇ ਫੈਕਸ ਨੰਬਰ: 0183-2225896

ਵੱਲ ਵੈਬ ਸਾਈਟ ਰਾਹੀ

ਸਮੂਹ ਸਕੂਲ ਮੁਖੀ,
ਜਿਲਾ ਅੰਮ੍ਰਿਤਸਰ।
ਮੀਮੋ ਨੰ: ਸਟੈਨੋ-ਜਿਸਿਅ/2017-95
ਮਿਤੀ 29-03-17

ਵਿਸ਼ਾ: **ਦਸਵੀ / ਬਾਰਵੀ ਪ੍ਰੀਖਿਆ ਲਈ ਮੂਲਅੰਕਣ ਕੇਦਰਾਂ ਤੇ ਲਗਾਈਆਂ ਡਿਊਟੀਆਂ ਤੋ ਗੈਰ ਹਾਜ਼ਰ ਰਹਿਣ ਸਬੰਧੀ।**

ਜਿਵੇ ਕਿ ਆਪ ਨੂੰ ਪਤਾ ਹੈ ਕਿ ਪ੍ਰੀਖਿਆਵਾਂ ਦਾ ਕੰਮ ਆਪ ਜੀ ਦੇ ਸਹਿਯੋਗ ਸਦਕਾ ਨੇਪੜ੍ਹੇ ਚੜ੍ਹ ਗਿਆ ਹੈ, ਜਿਸ ਲਈ ਆਪ ਵਲੋਂ ਦਿੱਤੇ ਸਹਿਯੋਗ ਸਦਕਾ ਆਪ ਦਾ ਧੰਨਵਾਦ। ਪ੍ਰੀਖਿਆ ਦੌਰਾਨ ਹੀ ਬੋਰਡ ਵਲੋ ਭੇਜੀ ਲਿਸਟ ਵਿਚ ਆਪ ਦੇ ਸਕੂਲਾਂ ਵਿਚੋ ਬੋਰਡ ਵਲੋ ਸਥਾਪਤ ਪ੍ਰੀਖਿਆ ਕੇਦਰਾਂ: ਵਿਚ ਪ੍ਰੀਖਿਅਕਾਂ ਦੀਆਂ: ਡਿਊਟੀਆਂ ਲਗਾਈਆ ਗਈਆ ਸਨ, ਪਰ ਕੁਝ ਅਧਿਆਪਕਾਂ ਦੀ ਡਿਊਟੀ ਪ੍ਰੀਖਿਆ ਕੇਦਰਾਂ ਵਿਚ ਲਗੀ ਹੋਣ ਕਰਕੇ ਉਨਾਂ ਵਲੋ ਮੂਲਅੰਕਣ ਕੇਦਰਾਂ ਵਿਚ ਡਿਊਟੀ ਤੇ ਹਾਜ਼ਰ ਨਹੀ ਹੋਏ। ਹੁਣ ਪ੍ਰੀਖਿਆਵਾਂ ਸਮਾਪਤ ਹੋ ਚੁੱਕੀਆਂ ਹਨ। ਇਸ ਲਈ ਆਪ ਦੇ ਸਕੂਲ ਦੇ ਜਿਸ ਕਿਸੇ ਵੀ ਅਧਿਆਪਕ ਦੀ ਡਿਊਟੀ ਮੂਲਅੰਕਣ ਕੇਦਰ ਵਿਚ ਲਗੀ ਹੋਈ ਹੈ, ਉਸ ਨੂੰ ਤੁਰੰਤ ਫਾਰਗ ਕਰਕੇ ਮੂਲਅੰਕਣ ਕੇਦਰ ਵਿਚ ਭੇਜਿਆ ਜਾਵੇ। ਇਸ ਦਫਤਰ ਦੀ ਟੀਮ ਵਲੋਂ ਅੱਜ ਤੋ ਹੀ ਇਨਾਂ ਮੂਲਅੰਕਣ ਕੇਦਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਜੇਕਰ ਆਪ ਵਲੋ ਹਾਲੇ ਤੀਕ ਸਬੰਧਤ ਅਧਿਆਪਕ ਨੂੰ ਹਾਲੇ ਡਿਊਟੀ ਲਈ ਫਾਰਗ ਕਰਕੇ ਨਹੀ ਭੇਜਿਆ ਤਾਂ ਅੱਜ ਹੀ ਉਸ ਨੂੰ ਫਾਰਗ ਕਰਕੇ ਸਬੰਧਤ ਕੇਦਰ ਵਿਚ ਭੇਜਿਆ ਜਾਵੇ। ਕੀਤੀ ਗਈ ਚੈਕਿੰਗ ਦੌਰਾਨ ਜੇਕਰ ਕੋਈ ਡਿਊਟੀ ਤੇ ਤੈਨਾਤ ਕਰਮਚਾਰੀ ਹਾਜ਼ਰ ਨਹੀ ਹੁੰਦਾ ਤਾਂ ਉਸ ਨੂੰ ਡਿਊਟੀ ਤੋ ਗੈਰ ਹਾਜ਼ਰ ਕਰਾਰ ਦਿੰਦੇ ਹੋਏ, ਉਸ ਦਾ ਨਾਂ ਵਿਭਾਗ ਨੂੰ ਕਾਰਵਾਈ ਲਈ ਤਜਵੀਜ਼ ਕਰ ਦਿੱਤਾ ਜਾਵੇਗਾ, ਜਿਸ ਲਈ ਸਬੰਧਤ ਅਤੇ ਸਕੂਲ ਦਾ ਮੁਖੀ ਇਸ ਲਈ ਜਿੰਮੇਵਾਰ ਹੋਵੇਗਾ। ਇਸ ਲਈ ਇਨਾਂ ਦੀ ਹਾਜ਼ਰੀ ਮੂਲਅੰਕਣ ਕੇਦਰਾਂ ਵਿਚ ਜ਼ਰੂਰੀ ਹੈ। ਆਪਣੇ ਪੱਧਰ ਤੇ ਕਿਸੇ ਨੂੰ ਵੀ ਡਿਊਟੀ ਤੋ ਛੋਟ ਨਾਂ ਦਿੱਤੀ ਜਾਵੇ। ਕਿਉ ਕਿ ਇਹ ਸਮਾਂ ਬੱਧ ਹੈ, ਇਸ ਲਈ ਇਸ ਕੰਮ ਨੂੰ ਪਹਿਲ ਦਿੱਤੀ ਜਾਵੇ। ਜਿੰਨਾਂ ਅਧਿਆਪਕਾਂ ਦੀ ਡਿਊਟੀ ਪ੍ਰੈਕਟੀਕਲ ਲੈਣ ਲਈ ਲਗੀ ਹੋਈ ਹੈ, ਉਹ ਆਪਣਾ ਕੰਮ ਦੋ ਦਿਨਾਂ ਦੇ ਅੰਦਰ ਅੰਦਰ ਨਿਪਟਾ ਕੇ ਸਬੰਧਤ ਮੂਲਅੰਕਣ ਕੇਦਰਾਂ ਵਿਚ ਆਪਣੀ ਹਾਜਰੀ ਦੇਣ।

ਮਿਤੀ 31-03-17 **ਨੂੰ ਪੀ.ਟੀ ਮੀਟ** ਸਕੂਲਾਂ ਵਿਚ ਕੀਤੀ ਜਾਣੀ ਰਹੀ ਹੈ, ਇਸ ਦਿਨ ਜਿਹੜੇ ਅਧਿਆਪਕ ਮੂਲਅੰਕਣ ਕੇਦਰਾਂ ਵਿਚ ਡਿਊਟੀ ਤੇ ਹਨ, ਉਹ ਇਸ ਦਿਨ ਆਪਣੇ ਆਪਣੇ ਸਕੂਲਾਂ ਵਿਚ ਹਾਜ਼ਰ ਹੋਣਗੇ ਅਤੇ ਅਗਲੇ ਦਿਨ ਤੋ ਫੇਰ ਆਪਣੀ ਡਿਊਟੀ ਤੇ ਹਾਜ਼ਰ ਆਉਣਗੇ। ਇਸ ਦਿਨ ਸਕੂਲਾਂ ਵਿਚ ਜਾਗਰੂਕਤਾ ਮੁਹਿੰਮ ਵੀ ਚਲਾਈ ਜਾਵੇ ਤਾਂ ਜੋ ਬੱਚਿਆ ਨੂੰ ਇਸ ਤੋ ਜਾਗਰੂਕਤਾ ਮਿਲ ਸਕੇ।

ਇਹ ਵੀ ਧਿਆਨ ਵਿਚ ਆਇਆ ਹੈ ਕਿ ਚੋਣਾਂ ਦਾ ਕੰਮ ਸਮਾਪਤ ਹੋ ਚੁਕਿਆ ਹੈ, ਪਰ ਹਾਲੇ ਵੀ ਕੁਝ ਅਧਿਆਪਕ ਅਤੇ ਕਰਮਚਾਰੀਆਂ ਚੋਣਾਂ ਡਿਊਟੀਆਂ ਦੇ ਨਾਂ ਤੇ ਦਫਤਰਾਂ ਵਿਚ ਬੈਠੇ ਹਨ, ਅਤੇ ਹਾਲੇ ਤੀਕ ਉਨਾਂ ਨੇ ਸਕੂਲਾਂ ਵਿਚ ਆਪਣੀ ਹਾਜ਼ਰੀ ਨਹੀ ਦਿੱਤੀ। ਇਸ ਸਬੰਧੀ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕੋਈ ਕਰਮਚਾਰੀ / ਅਧਿਆਪਕ ਚੋਣਾਂ ਦੀ ਡਿਊਟੀ ਤੇ ਤੈਨਾਤ ਹੈ ਤਾਂ ਉਸ ਨੂੰ ਤੁਰੰਤ ਵਾਪਸ ਬੁਲਾ ਲਿਆ ਜਾਵੇ। ਇਸ ਤੋ ਬਾਅਦ ਜੇਕਰ ਕੋਈ ਅਜਿਹਾ ਕੇਸ ਧਿਆਨ ਵਿਚ ਆਇਆ ਤਾਂ_ਸ ਲਈ ਸਬੰਧਤ ਅਤੇ ਸਕੂਲ ਮੁਖੀ ਨੂੰ ਜਿੰਮੇਵਾਰ ਮੰਨਿਆ ਜਾਵੇਗਾ ਅਤੇ ਸਬੰਧਤ ਨੂੰ ਸਕੂਲ ਵਿਚੋ ਗੈਰ ਹਾਜ਼ਰ ਸਮਝਿਆ ਜਾਵੇਗਾ ਅਤੇ ਉਸ ਦੀ ਰਿਪੋਰਟ ਵੀ ਵਿਭਾਗ ਨੂੰ ਭੇਜ ਦਿੱਤੀ ਜਾਵੇਗੀ।

ਇਸ ਤੋ ਇਲਾਵਾ ਜਿਹੜੇ ਕਰਮਚਾਰੀ ਪ੍ਰੀਖਿਆਵਾਂ ਵਿਚ ਤੈਨਾਤ ਰਹੇ ਹਨ, ਉਨਾਂ ਤੋ ਮਿਤੀ ਵਾਈਜ ਪ੍ਰੀਖਿਆ ਕੇਦਰ ਦੇ ਸੁਪਰਡੰਟ / ਕੰਟਰੋਲਰ ਤੋ ਸਰਟੀਫਿਕੇਟ ਲਿਆ ਜਾਵੇ ਅਤੇ ਰਿਕਾਰਡ ਵਿਚ ਰਖਿਆ ਜਾਵੇ।

ਉਪਰੋਕਤ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਕਿਸੇ ਕਿਸਮ ਦੀ ਅਣਗਹਿਲੀ ਨਾਂ ਕੀਤੀ ਜਾਵੇ।

29.03.17

ਜਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ